# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ
# ਮਿਤੀ **2.9.2020**
# ਦੀ ਕਾਰਵਾਈ

(ਮਤਾ ਨੰ: **140** )

ਕੋਵਿਡ-19(ਕੋਰੋਨਾ ਵਾਇਰਸ) ਇਸ ਵੇਲੇ ਪੂਰੇ ਵਿਸ਼ਵ ਵਿਚ ਫੈਲ ਚੁੱਕਿਆ ਹੈ, ਜਿਸ ਨੂੰ ਸਰਕਾਰ ਵਲੋਂ ਮਹਾਂਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ। ਪੰਜਾਬ ਸਰਕਾਰ ਵਲੋਂ ਜਾਰੀ ਹਦਾਇਤਾਂ ਨੰਬਰ:SS/ACSH/2020/528, ਮਿਤੀ 13.7.2020 ਅਤੇ ਜਿਲ੍ਹਾ ਮੈਜਿਸਟਰੇਟ ਵਲੋਂ ਸ਼ਹਿਰ ਵਿਚ ਸੈਕਸ਼ਨ 144 ਅਧੀਨ 5 ਤੋਂ ਵੱਧ ਵਿਅਕਤੀਆਂ ਦੇ ਇਕੱਠ ਨਾ ਹੋਣ ਸਬੰਧੀ ਜਾਰੀ ਹਦਾਇਤਾਂ ਅਤੇ ਕਮਿਸ਼ਨਰ ਜੀ ਦੇ ਦਫਤਰੀ ਪੱਤਰ ਨੰ:PA/2020/113-120, ਮਿਤੀ 20.7.2020 ਦੀ ਰੋਸ਼ਨੀ ਵਿਚ ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਜਿਹੜੀ ਕਿ ਮਿਤੀ 1.9.2020 ਨੂੰ ਹੋਣੀ ਸੀ, ਪ੍ਰੰਤੂ ਬਾਬਾ ਸੋਡਲ ਮੇਲੇ ਦੀ ਛੁੱਟੀ ਹੋਣ ਕਾਰਣ ਮਿਤੀ **2.9.2020** ਨੂੰ ਸਮਾਂ ਸਵੇਰੇ 11:00 ਵਜੇ ਵਰਚੁਅਲ ਹੋਈ ਜਿਸ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀ ਕਰਨੇਸ਼ ਸ਼ਰਮਾ, ਆਈ.ਏ.ਐਸ., ਕਮਿਸ਼ਨਰ, ................ ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, .............. ਮੈਂਬਰ
4. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ............... ਮੈਂਬਰ
5. ਸ਼੍ਰੀ ਗਿਆਨ ਚੰਦ, ਕੌਂਸਲਰ ...................................... ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
2.9.2020

ਅੱਜ ਮਿਤੀ 2.9.2020 ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਦੌਰਾਣ ਪਿਛਲੀ ਮੀਟਿੰਗ ਦੀ ਮੱਦ ਨੰ: 137 ਦੇ ਲੜੀ ਨੰ: 1,2 ਅਤੇ 3 ਦੇ ਟੈਂਡਰਾਂ ਨੂੰ ਲੰਬਿਤ ਰੱਖਿਆ ਗਿਆ ਸੀ, ਸਬੰਧੀ ਸਬੰਧਤ ਠੇਕੇਦਾਰਾਂ ਨਾਲ ਨੈਗੋਸ਼ਿਏਸ਼ਨ ਕੀਤੀ ਗਈ । ਨੈਗੋਸ਼ਿਏਸ਼ਨ ਉਪਰੰਤ ਲੜੀ ਨੰ: 1 ਦਾ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ । ਲੜੀ ਨੰ: 2 ਦੇ ਠੇਕੇਦਾਰ ਨੇ 15% ਸੇਵਿੰਗ ਤੇ ਕੰਮ ਕਰਨ ਦੀ ਸਹਿਮਤੀ ਦਿੱਤੀ ਹੈ, ਇਸ ਲਈ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ । ਲੜੀ ਨੰ: 3 ਦੇ ਠੇਕੇਦਾਰ ਨੇ ਹੋਰ ਸੇਵਿੰਗ ਦੇਣ ਤੇ ਅਸਹਿਮਤੀ ਦਿੱਤੀ ਹੈ ਜਿਸ ਲਈ ਇਹ ਟੈਂਡਰ ਹਾਲ ਦੀ ਘੜੀ ਲੰਬਿਤ ਰੱਖਿਆ ਜਾਂਦਾ ਹੈ ਅਤੇ ਠੇਕੇਦਾਰ ਨੂੰ ਅਗਲੀ ਮੀਟਿੰਗ ਵਿੱਚ ਨੈਗੋਸ਼ਿਏਸ਼ਨ ਲਈ ਬੁਲਾਇਆ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
2.9.2020

ਮਤਾ ਨੰ: 140

ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਬੀ. ਐਂਡ ਆਰ. ਸ਼ਾਖਾ ਦੇ ਵਿਕਾਸ ਕੰਮਾਂ ਦੇ ਜੋ ਟੈਂਡਰ ਲਗਾਏ ਗਏ ਸਨ ਉਹਨਾਂ ਵਿੱਚੋਂ ਹੇਠ ਲਿਖੇ ਅਨੁਸਾਰ ਟੈਂਡਰ ਪ੍ਰਾਪਤ ਕੀਤੇ ਗਏ ਹਨ:-

ਰੁਪਏ ਲੱਖਾਂ ਵਿੱਚ

| Sr. No. | W. No. | Name of Work | Est. Amt. | BOQ/ Sanctioned Amt. | Saving %age | Tender Amt. | Name of Agency | Tender called (No. of Times) | No. of Tenders Received |
|---|---|---|---|---|---|---|---|---|---|
| **MC FUNDS** | | | | | | | | | |
| 1. | 58 | Const. of C.C flooring in Streets in Jaimal Nagar | 11.90 | 11.90 | 0.51 | 11.84 | Adhi LC Society | 2nd | 1 |
| 2. | 39 | P/F Physical & Children games at K.P.Park | 1.32 | 1.32 | 2.15 | 1.29 | Surjit Singh Nagi | 2nd | 1 |
| 3. | 39 | Const. & Repair of Shivpuri at Jallowal Abadi | 17.87 | 17.87 | 1.10 | 17.67 | Parminder Singh | 2nd | 1 |
| 4. | 53 | Const. of CC flooring in streets near Mata Chintpurni Mandir in Chandan Nagar | 20.66 | 20.66 | 0.01 | 20.66 | Vikas Gambhir | 2nd | 1 |
| 5. | 49 | P/L of cement concrete in the streets of SUS Nagar Part-1 | 24.68 | 24.68 | 6.10 | 23.17 | Tejmohan Nagar LC Society | 2nd | 1 |
| 6. | 38 | Const. of CC streets in Kot Mohalla from Ghai Niwas to Chajju Ram | 22.08 | 22.08 | 5.05 | 20.76 | Radhe Krishna | 2nd | 3 |
| 7. | 19 | P/L RMC on Road Snatam Dharam School to Danna Mandi. | 14.97 | 14.97 | 0.25 | 14.93 | Dashmesh LC Society | 2nd | 1 |
| 8. | 49 | P/L of cement concrete in the streets of SUS Nagar Part-2 | 40.00 | 40.00 | 6.10 | 37.56 | Nirmal Singh | 2nd | 1 |
| 9. | 9 | Development of Shamshant Ghat Ladhewali | 15.09 | 14.94 | 0.25 | 14.91 | Radhe Krishna | 2nd | 1 |
| **Urban Environment Improvement Program Ph-II** | | | | | | | | | |
| 10. | 35 | Const.of various streets in bank colony and chanan nagar. | 41.12 | 41.12 | 15.01 | 34.95 | M/s Jai Shankar | 1st | 4 |
| 11. | 38 | Const. of cc streets in Sant nagar. | 44.41 | 44.41 | 12.11 | 39.03 | S.S. Engg & Builders | 1st | 3 |
| 12. | 38 | P/L of 80mm and 80mm I/L tiles in streets backside shivpuri and near 13 no. gali. | 43.22 | 43.22 | 13.13 | 37.55 | Parminder Singh | 1st | 4 |
| 13. | 40 | P/L of interlocking tiles from kot sadiq shivpuri to kashi nagar. | 35.93 | 35.93 | 15.01 | 30.54 | M/S Jai Shankar | 1st | 3 |
| 14. | 41 | Const. of streets with I/L tiles near A.S. Villa. | 43.53 | 43.53 | 15.01 | 37.00 | M/S Jai Shankar | 1st | 5 |
| 15. | 43 | P/L of 60mm thick I/L tiles in chakki wali gali. | 3.58 | 3.58 | 9.13 | 3.25 | Parminder Singh | 1st | 3 |
| 16. | 43 | P/L of 60mm thick tiles near Tagore International school and adjoining area. | 22.53 | 22.53 | 13.13 | 19.57 | Jaswinderjit Singh | 1st | 5 |
| 17. | 73 | Const. of cc streets in Raja Garden opp. Maharaja Garden | 9.04 | 9.04 | 8.99 | 8.23 | M/S Jai Shankar | 1st | 3 |
| 18. | 73 | Const. of various cc streets in Green avenue. | 46.34 | 46.34 | 11.11 | 41.19 | S.S. Engg. & Builders | 1st | 3 |

| | | | | | | | | | |
|---|---|---|---|---|---|---|---|---|---|
| 19. | 74 | P/L of 60mm thick I/L tiles in Rasila Nagar. | 24.34 | 24.34 | 0.02 | 24.34 | Vikas Gambhir | 1st | 3 |
| 20. | 75 | P/L of 60mm thick I/L tiles in Pannu Vihar near ARM Public school. | 23.15 | 23.15 | 13.65 | 19.99 | Dashmesh LC Society | 1st | 5 |

ਕਾਰਜਕਾਰੀ ਇੰਜੀਨੀਅਰ, ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਅਤੇ ਸੰਯੁਕਤ ਕਮਿਸ਼ਨਰ (ਸ਼) ਨੇ ਵੱਖ-ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ :

ਵਿਚਾਰਣ ਉਪਰੰਤ ਮੱਦ ਵਿੱਚ ਦਰਜ ਲੜੀ ਨੰ: 1,4,7,9 ਅਤੇ 19 ਦੇ ਠੇਕੇਦਾਰਾਂ ਨੂੰ ਨੈਗੋਸ਼ਿਏਸ਼ਨ ਲਈ ਬੁਲਾਇਆ ਗਿਆ । ਲੜੀ ਨੰ: 1 ਦੇ ਠੇਕੇਦਾਰ ਨੇ ਹੋਰ ਸੇਵਿੰਗ ਦੇਣ ਤੇ ਅਸਹਿਮਤੀ ਦਿੱਤੀ ਹੈ ਜਿਸ ਕਾਰਨ ਇਹ ਟੈਂਡਰ ਹਾਲ ਦੀ ਘੜੀ ਲੰਬਿਤ ਰੱਖਿਆ ਜਾਂਦਾ ਹੈ ਅਤੇ ਸਬੰਧਤ ਠੇਕੇਦਾਰ ਨੂੰ ਅਗਲੀ ਮੀਟਿੰਗ ਵਿਚ ਨੈਗੋਸ਼ਿਏਸ਼ਨ ਲਈ ਬੁਲਾਇਆ ਜਾਵੇ। ਲੜੀ ਨੰ: 4,9 ਅਤੇ 19 ਦੇ ਠੇਕੇਦਾਰਾਂ ਨੇ 4% ਸੇਵਿੰਗ ਦੇਣ ਲਈ ਸਹਿਮਤੀ ਦਿੱਤੀ ਹੈ ਅਤੇ ਇਹ ਟੈਂਡਰ ਪ੍ਰਵਾਨ ਕੀਤੇ ਜਾਂਦੇ ਹਨ । ਲੜੀ ਨੰ: 7 ਨੇ 2% ਸੇਵਿੰਗ ਦੇਣ ਲਈ ਸਹਿਮਤੀ ਦਿੱਤੀ ਹੈ ਅਤੇ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ।ਮੱਦ ਵਿੱਚ ਦਰਜ ਬਾਕੀ ਦੇ ਟੈਂਡਰਾਂ ਨੂੰ ਵੀ ਪ੍ਰਵਾਨ ਕੀਤਾ ਜਾਂਦਾ ਹੈ।ਇਹ ਵੀ ਫੈਸਲਾ ਹੋਇਆ ਕਿ ਇਨ੍ਹਾਂ ਸਾਰੀਆਂ ਟੈਂਡਰ ਫਾਈਲਾਂ ਤੇ ਅਗਲੇਰੀ ਕਾਰਵਾਈ ਕਰਨ ਤੋਂ ਪਹਿਲਾਂ ਰੋਡ ਹਿਸਟਰੀ ਰਜਿਸਟਰ ਮੁਤਾਬਕ ਪ੍ਰਫਾਰਮਾ ਭਰ ਕੇ ਨੱਥੀ ਕੀਤੇ ਜਾਣ ਅਤੇ ਅੱਗੇ ਤੋਂ ਕੋਈ ਵੀ ਮਿਸਲ ਤਿਆਰ ਕਰਨ ਵੇਲੇ ਇਹ ਪ੍ਰੋਫਾਰਮੇਂ ਨਾਲ ਲਗਾਉਣ ਦੀ ਜਿੰਮੇਵਾਰੀ ਸਬੰਧਤ ਅਧਿਕਾਰੀਆਂ ਦੀ ਹੋਵੇਗੀ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

2.9.2020